# ਜਾਣਕਾਰੀ ਸ਼ੀਟ

## ਪ੍ਰਵਾਰਕ ਹਿੰਸਾ: ਪੁਲੀਸ ਕੀ ਕਰਦੀ ਹੈ

Punjabi / ਪੰਜਾਬੀ Family Violence: What Police Do

VICTORIA POLICE

### ਹਿੰਸਾ ਤੋਂ ਆਜ਼ਾਦੀ ਇਕ ਇਨਸਾਨੀ ਹੱਕ ਹੈ

ਹਰ ਕਿਸੇ ਨੂੰ ਹਿੰਸਾ ਜਾਂ ਹਿੰਸਾ ਦੇ ਡਰ ਤੋਂ ਮੁਕਤ ਹੋਣ ਦਾ ਹੱਕ ਹੈ। ਹਰ ਕੋਈ ਆਪਣੇ ਪ੍ਰਵਾਰ ਅਤੇ ਰਿਸ਼ਤਿਆਂ ਵਿੱਚ ਸੁਰੱਖਿਆ ਤੇ ਇਜ਼ਤ ਚਾਹੁੰਦਾ ਹੈ। ਪ੍ਰਵਾਰਕ ਹਿੰਸਾ ਸਾਰੇ ਭਾਈਚਾਰਿਆਂ ਤੇ ਸਭਿਆਚਾਰਾਂ ਵਿੱਚ ਹੁੰਦੀ ਹੈ ਅਤੇ ਮਨਜ਼ੂਰ ਨਹੀਂ ਹੈ। ਆਸਟ੍ਰੇਲੀਆ ਵਿੱਚ ਪ੍ਰਵਾਰਕ ਹਿੰਸਾ ਕਨੂੰਨ ਦੇ ਖਿਲਾਫ ਹੈ। ਵਿਕਟੋਰੀਆ ਪੁਲੀਸ ਕਨੂੰਨ ਨੂੰ ਕਾਇਮ ਰੱਖਣ ਅਤੇ ਲੋੜਵੰਦ ਲੋਕਾਂ ਦੀ ਮਦਦ ਵਾਸਤੇ ਹੈ।

### ਪ੍ਰਵਾਰਕ ਹਿੰਸਾ ਕੀ ਹੈ, ਕਨੂੰਨ ਕੀ ਕਹਿੰਦਾ ਹੈ?

Victorian *Family Violence Protection Act 2008* ਪ੍ਰਵਾਰਕ ਹਿੰਸਾ ਨੂੰ ਪ੍ਰਵਾਰ ਦੇ ਇਕ ਜੀਅ ਦਾ ਵਤੀਰਾ ਜੋ ਨਿਕਟੀ ਸਾਥੀ, ਛੱਡ ਚੁੱਕੇ ਸਾਥੀ ਜਾਂ ਪ੍ਰਵਾਰ ਦੇ ਹੋਰ ਜੀਆਂ ਉਪਰ ਡਰ ਤੇ ਕਾਬੂ ਵਜੋਂ ਪ੍ਰਭਾਸ਼ਿਤ ਕਰਦਾ ਹੈ। ਇਹਨਾਂ ਵਤੀਰਿਆਂ ਵਿੱਚ ਸ਼ਾਮਲ ਹੋ ਸਕਦੇ ਹਨ:

- ਜਿਸਮਾਨੀ ਹਮਲਾ (ਜਿਵੇਂ ਮਾਰਨਾ, ਧੱਕਣਾ, ਸਾੜਨਾ ਜਾਂ ਸਾਹ ਘੁੱਟਣਾ, ਰੁੱਖੀ ਜਾਂ ਲਾਪਰਵਾਹੀ ਵਾਲੀ ਸੰਭਾਲ);
- ਲਿੰਗੀ ਹਿੰਸਾ (ਜਿਵੇਂ ਕਾਮੁਕ ਕਿਰਿਆਵਾਂ ਕਰਨ ਲਈ ਦਬਾਅਪਾਉਣਾ);
- ਆਰਥਿਕ ਬਦਸਲੂਕੀ (ਜਿਵੇਂ ਪੈਸਾ, ਖਾਣਾ, ਦਵਾਈ ਨਾ ਦੇਣਾ, ਜਾਇਦਾਦ ਦਾ ਨੁਕਸਾਨ, ਜਾਂ ਦਹੇਜ ਸਬੰਧੀ ਬਦਸਲੂਕੀ);
- ਮਾਨਸਿਕ ਅਤੇ/ਜਾਂ ਜ਼ਬਾਨੀ ਹਿੰਸਾ (ਜਿਵੇਂ ਕਿ ਧਮਕੀਆਂ, ਵਾਰ ਵਾਰ ਥੱਲੇ ਲਾਉਣਾ, ਗਾਲਾਂ ਕੱਢਣੀਆਂ, ਲਿੰਗਕੀ, ਨਸਲਵਾਦੀ, ਉਮਰ, ਕਾਬਲੀਅਤ ਜਾਂ ਲਿੰਗ ਦੇ ਆਧਾਰ ਤੇ ਹਿੰਸਾ);
- ਬੱਚੇ ਨੂੰ ਹਿੰਸਾ ਦੇ ਕੰਮਾਂ ਨੂੰ ਸੁਣਨ, ਵੇਖਣ ਜਾਂ ਜਾਣੂ ਹੋਣ ਦੇਣਾ (ਉਦਾਹਰਣ ਵਜੋਂ ਲੜਾਈਆਂ ਨੂੰ ਸੁਣਨਾ, ਸੱਟਾਂ ਜਾਂ ਨੁਕਸਾਨ ਨੂੰ ਵੇਖਣਾ)

ਪ੍ਰਵਾਰਕ ਹਿੰਸਾ ਨਾਲ ਬੱਚੇ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ ਅਤੇ ਕਨੂੰਨੀ ਤੌਰ ਤੇ ਸੁਰੱਖਿਆ ਦਿੱਤੀ ਜਾ ਸਕਦੀ ਹੈ।

### ਪ੍ਰਵਾਰ ਕੀ ਹੈ?

ਕਨੂੰਨ ਪ੍ਰਵਾਰ ਨੂੰ ਮੋਟੇ ਤੌਰ ਤੇ ਇਹਨਾਂ ਸਮੇਤ ਪ੍ਰਭਾਸ਼ਿਤ ਕਰਦਾ ਹੈ:

- ਨਿਕਟੀ ਸਾਥੀ (ਪਤੀ, ਪਤਨੀ, ਸਹੇਲੀ, ਦੋਸਤ, ਬਿਨਾਂ ਵਿਆਹ ਵਾਲਾ ਰਿਸ਼ਤਾ, ਇਕੋ ਲਿੰਗ ਵਾਲੇ ਸਾਥੀ) ਅਤੇ
- ਛੱਡ ਚੁੱਕੇ ਸਾਥੀ,
- ਬੱਚੇ, ਭੈਣ ਭਰਾ, ਬਾਲਗ ਬੱਚੇ; ਜਾਂ
- ਰਿਸ਼ਤੇਦਾਰ ਜਾਂ ਸਾਂਝਾ ਪ੍ਰਵਾਰ ਜਿਵੇਂ ਕਿ ਬਜ਼ੁਰਗ, ਸਹੁਰਾ ਜਾਂ ਸੱਸ, ਆਂਟੀ, ਅੰਕਲ, ਮਿਸ਼ਰਤ ਜਾਂ ਸਭਿਆਚਾਰਕ ਪ੍ਰਵਾਰ ਦੇ ਜੀਅ।
- ਇਕ ਦੇਖਭਾਲ ਕਰਤਾ ਜੋ ਪ੍ਰਵਾਰ ਦੇ ਜੀਅ ਵਰਗਾ ਹੈ

ਜੇ ਤੁਸੀਂ ਕਿਸੇ ਨੂੰ ਆਪਣੇ ਪ੍ਰਵਾਰ ਦਾ ਹਿੱਸਾ ਮੰਨਦੇ ਹੋ ਅਤੇ ਉਹਨਾਂ ਦੇ ਕੰਮਾਂ ਤੋਂ ਤੁਹਾਨੂੰ ਜਾਂ ਦੂਸਰੇ ਜੀਆਂ ਨੂੰ ਡਰ ਮਹਿਸੂਸ ਹੁੰਦਾ ਹੈ, ਸਲਾਹ ਅਤੇ ਸਹਾਇਤਾ ਵਾਸਤੇ ਕਹੋ।

ਜੇ ਤੁਸੀਂ ਆਪਣੇ ਸਾਥੀ ਜਾਂ ਪ੍ਰਵਾਰ ਨੂੰ ਦੁੱਖ ਪਹੁੰਚਾ ਰਹੇ ਹੋ, ਸਹਾਇਤਾ ਵਾਸਤੇ ਕਹੋ। ਇਸ ਸ਼ੀਟ ਦੇ ਦੂਸਰੇ ਪਾਸੇ ਕੁਝ ਸੇਵਾਵਾਂ ਦਿੱਤੀਆਂ ਗਈਆਂ ਹਨ।

### ਪੁਲੀਸ ਕਿਵੇਂ ਮਦਦ ਕਰ ਸਕਦੀ ਹੈ?

ਵਿਕਟੋਰੀਆ ਪੁਲੀਸ ਪ੍ਰਵਾਰਕ ਹਿੰਸਾ ਤੋਂ ਪ੍ਰਭਾਵਿਤ ਲੋਕਾਂ ਨੂੰ ਬਚਾਉਣ ਲਈ ਕੰਮ ਕਰਦੀ ਹੈ ਅਤੇ ਵਿਅਕਤੀ ਵੱਲੋਂ ਜਿਸ ਨੇ ਆਪਣੇ ਸਾਥੀ ਅਤੇ/ਜਾਂ ਪ੍ਰਵਾਰ ਨੂੰ ਕਸ਼ਟ ਪਹੁੰਚਾਇਆ ਹੈ, ਨੂੰ ਕਿਸੇ ਹੋਰ ਹਿੰਸਾਤਮਕ ਕੰਮਾਂ ਜਾਂ ਵਤੀਰੇ ਤੋਂ ਵਰਜਦੀ ਹੈ।

ਪੁਲੀਸ ਪ੍ਰਵਾਰਕ ਹਿੰਸਾ ਦੀਆਂ ਰਿਪੋਰਟਾਂ ਤੋਂ, ਕਿਸੇ ਤੋਂ ਜੋ ਹਿੰਸਾ ਦਾ ਸ਼ਿਕਾਰ ਹੋਇਆ ਹੋਵੇ, ਚਿੰਤਾ ਕਰ ਰਹੇ ਦੋਸਤਾਂ ਜਾਂ ਗੁਆਂਢੀਆਂ ਜਾਂ ਸੇਵਾਵਾਂ ਤੋਂ ਜਾਣਕਾਰੀ ਪ੍ਰਾਪਤ ਕਰ ਸਕਦੀ ਹੈ। ਪੁਲੀਸ ਦੂਜੀਆਂ ਸੇਵਾਵਾਂ ਕਰਦੇ ਹੋਏ ਜਾਂ ਤਿੰਨ ਜ਼ੀਰੋ 000 ਉਪਰ ਆਏ ਫੋਨਾਂ ਤੋਂ ਵੀ ਪ੍ਰਵਾਰਕ ਹਿੰਸਾ ਬਾਰੇ ਪਤਾ ਲਗਾ ਸਕਦੀ ਹੈ।

ਜਦੋਂ ਪੁਲੀਸ ਪ੍ਰਵਾਰਕ ਹਿੰਸਾ ਦੀ ਘਟਨਾ ਵਿੱਚ ਸਹਾਇਤਾ ਕਰਦੀ ਹੈ ਤਾਂ ਉਹ ਪੁੱਛਦੇ ਹਨ ਕਿ ਘਰ ਵਿੱਚ ਕੌਣ ਕੌਣ ਰਹਿੰਦਾ ਹੈ। ਉਹ ਪਤਾ ਕਰਦੇ ਹਨ ਕਿ ਸਾਰੇ ਸੁਰੱਖਿਅਤ ਹਨ। ਪੁਲੀਸ ਹਰੇਕ ਵਿਅਕਤੀ ਨਾਲ ਆਪ ਗੱਲ ਕਰਦੀ ਹੈ। ਉਹ ਬੱਚਿਆਂ ਨਾਲ ਵੀ ਗੱਲ ਕਰ ਸਕਦੇ ਹਨ। ਉਹ ਪੁੱਛਣਗੇ ਕਿ ਹੁਣ ਅਤੇ ਪਿਛਲੇ ਸਮੇਂ ਦੌਰਾਨ ਕੀ ਹੋ ਰਿਹਾ ਸੀ।

ਉਹ ਪਤਾ ਕਰਨਗੇ ਕਿ ਜੇਕਰ, ਹਿੰਸਾ ਦੇ ਕਾਰਣ, ਕਿਸੇ ਨੂੰ ਡਾਕਟਰੀ ਸਹਾਇਤਾ ਦੀ ਲੋੜ ਹੈ ਅਤੇ ਹੋਏ ਕਿਸੇ ਨੁਕਸਾਨ ਨੂੰ ਲਿਖ ਲੈਂਦੇ ਹਨ। ਪੁਲੀਸ ਹਰੇਕ ਵਿਅਕਤੀ ਲਈ ਹਵਾਲਾ ਪੱਤਰ ਬਣਾਵੇਗੀ।

ਪੁਲੀਸ ਇਹ ਵੀ ਪੁੱਛੇਗੀ ਕਿ ਕਿਸੇ ਨੂੰ ਅੰਗਹੀਣਤਾ, ਜਾਂ ਕਿਸੇ ਡਾਕਟਰੀ ਜਾਂ ਹੋਰ ਲੋੜਾਂ ਹਨ, ਜੋ ਉਹ ਦੱਸਣੀਆਂ ਚਾਹੁੰਦੇ ਹਨ, ਜੋ ਸੁਰੱਖਿਆ ਜਾਂ ਪੁਲੀਸ ਦੇ ਹੁੰਗਾਰੇ ਨਾਲ ਸਬੰਧਿਤ ਹਨ।

ਪੁਲੀਸ ਇਹ ਪੁੱਛਣ ਲਈ ਜਿੰਮੇਵਾਰ ਹੈ ਕਿ ਬੱਚਿਆਂ ਸਮੇਤ ਕੋਈ ਆਦਿਵਾਸੀ ਤਾਂ ਨਹੀਂ ਹੈ। ਆਦਿਵਾਸੀ ਲੋਕ ਦੱਸ ਸਕਦੇ ਹਨ ਕਿ ਉਹ ਮੁਖ ਧਾਰਾ ਜਾਂ ਆਦਿਵਾਸੀ ਵਾਲੀਆਂ ਸੇਵਾਵਾਂ ਨੂੰ ਤਰਜੀਹ ਦੇਣਗੇ।

ਪ੍ਰਵਾਰ ਦੇ ਪਿਛਲੇ ਹਿੰਸਾ ਤੇ ਅਪਰਾਧੀ ਇਤਿਹਾਸ ਦਾ ਧਿਆਨ ਕਰਕੇ ਪੁਲੀਸ ਖਤਰੇ ਦਾ ਮੁਲਾਂਕਣ ਕਰੇਗੀ। ਉਹ ਪਤਾ ਲਗਾਉਣਗੇ ਕਿ ਕਿਸਨੂੰ ਜ਼ਿਆਦਾ ਨੁਕਸਾਨ ਹੋ ਰਿਹਾ ਹੈ (ਪੀੜਤ ਜਾਂ ਪ੍ਰਭਾਵਿਤ ਪ੍ਰਵਾਰ ਦੇ ਜੀਅ) ਅਤੇ ਕੌਣ ਹੈ ਜੋ ਦੂਜਿਆਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ (ਹਮਲਾਵਰ ਜਾਂ 'ਦੂਸਰੀ ਪਾਰਟੀ')। ਹਾਲਾਤਾਂ ਦੇ ਅਨੁਸਾਰ ਪੁਲੀਸ ਕਈ ਤਰ੍ਹਾਂ ਦੀ ਕਾਰਵਾਈ ਕਰ ਸਕਦੀ ਹੈ।

Interpreter

**ਦੋਭਾਸ਼ੀਆ ਸੇਵਾ**
24 ਘੰਟੇ
**131 450**
https://www.tisnational.gov.au

NATIONAL RELAY SERVICE

**ਰੀਲੇਅ ਸੇਵਾ** (24 ਘੰਟੇ)
ਲੋਕ ਜੋ ਬੋਲੇ ਹਨ ਜਾਂ ਸੁਣ ਜਾਂ ਬੋਲ ਨਹੀਂ ਸਕਦੇ
www.relayservice.gov.au
ਬੋਲਣ ਤੇ ਸੁਣਨ **1300 555 727**

000 EMERGENCY

ਸੰਕਟ ਵੇਲੇ, ਫੋਨ ਕਰੋ
**ਤਿੰਨ ਜ਼ੀਰੋ (000)**

**ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ।** ਜੇ ਕੋਈ ਅਪਰਾਧ ਹੋਇਆ ਹੈ ਤਾਂ ਪੁਲੀਸ ਜਾਂਚ ਕਰੇਗੀ ਅਤੇ ਦੋਸ਼ ਮੜ੍ਹ ਸਕਦੀ ਹੈ। ਹਾਲਾਂਕਿ, ਸਾਰੀ ਤਰ੍ਹਾਂ ਦੀ ਪ੍ਰਵਾਰਕ ਹਿੰਸਾ ਅਪਰਾਧਕ ਜੁਰਮ ਨਹੀਂ ਹੁੰਦੀ। ਪੁਲੀਸ ਇਸ ਤਰ੍ਹਾਂ ਦੀ ਸਿਵਲ (ਜਿਵੇਂ ਕਿ ਬਿਨਾਂ-ਅਪਰਾਧੀ) ਕਾਰਵਾਈ ਕਰ ਸਕਦੀ ਹੈ:

- ਮੌਕੇ ਤੇ ਹੀ **ਪ੍ਰਵਾਰਕ ਹਿੰਸਾ ਸੁਰੱਖਿਆ ਨੋਟਿਸ** ਜਾਰੀ ਕਰ ਸਕਦੀ ਹੈ ਅਤੇ/ਜਾਂ
- **ਪ੍ਰਵਾਰਕ ਹਿੰਸਾ ਦਖਲ ਨਿਰਦੇਸ਼** ਲਈ ਅਦਾਲਤ ਵਿੱਚ ਅਰਜ਼ੀ ਦੇ ਸਕਦੀ ਹੈ, ਜਾਂ
- ਮੌਜੂਦਾ **ਦਖਲ ਨਿਰਦੇਸ਼** ਨੂੰ ਵਧੇਰੇ ਰਾਖੀ ਲਈ ਬਦਲ ਸਕਦੀ ਹੈ।

## ਪ੍ਰਵਾਰਕ ਹਿੰਸਾ ਦਖਲ ਨਿਰਦੇਸ਼ ਕੀ ਹਨ?

**ਪ੍ਰਵਾਰਕ ਹਿੰਸਾ ਦਖਲ ਨਿਰਦੇਸ਼** ਅਦਾਲਤ ਵੱਲੋਂ ਲੋਕਾਂ ਨੂੰ ਹੋਰ ਹਿੰਸਾ ਤੋਂ ਬਚਾਉਣ ਦੇ ਮੰਤਵ ਲਈ ਜਾਰੀ ਕੀਤੇ ਕਨੂੰਨੀ ਆਦੇਸ਼ ਹਨ।

ਪ੍ਰਵਾਰਕ ਹਿੰਸਾ ਸੁਰੱਖਿਆ ਨੋਟਿਸ ਪੁਲੀਸ ਵੱਲੋਂ ਲੋਕਾਂ ਨੂੰ ਅਦਾਲਤ ਜਾਣ ਤੱਕ ਹੋਰ ਹਿੰਸਾ ਤੋਂ ਬਚਾਉਣ ਲਈ ਜਾਰੀ ਕੀਤੇ ਥੋੜ੍ਹੇ ਸਮੇਂ ਦੇ **ਦਖਲ ਆਦੇਸ਼** ਹਨ।

ਦੋਵੇਂ ਕੁਝ ਤਕਨੀਕੀ ਸ਼ਬਦਾਵਲੀ ਵਰਤਦੇ ਹਨ। ਬੱਚਿਆਂ ਸਮੇਤ, ਸੁਰੱਖਿਆ ਲੈਣ ਵਾਲੇ ਵਿਅਕਤੀਆਂ ਨੂੰ **ਸੁਰੱਖਿਆ ਅਧੀਨ ਵਿਅਕਤੀ** ਕਿਹਾ ਜਾਂਦਾ ਹੈ। ਜਿਸ ਵਿਅਕਤੀ ਨੇ ਹਿੰਸਾ ਕੀਤੀ ਹੈ ਨੂੰ **'ਜਵਾਬਦੇਹ'** ਜਾਂ **'ਦੂਸਰੀ ਪਾਰਟੀ'** ਕਿਹਾ ਜਾਂਦਾ ਹੈ।

**ਪ੍ਰਵਾਰਕ ਹਿੰਸਾ ਸੁਰੱਖਿਆ ਨੋਟਿਸ** ਜਾਂ **ਦਖਲ ਆਦੇਸ਼** ਦੇ ਵਿੱਚ **ਬੇਦਖਲੀ ਸ਼ਰਤ** ਵੀ ਸ਼ਾਮਲ ਹੋ ਸਕਦੀ ਹੈ ਜੋ ਸੁਰੱਖਿਆ ਮੰਗ ਰਹੇ ਵਿਅਕਤੀ ਅਤੇ ਕਿਸੇ ਬੱਚਿਆਂ ਦੇ ਦੁਆਲੇ ਸੁਰੱਖਿਆ ਘੇਰਾ ਸਿਰਜਦਾ ਹੈ। ਇਹ ਉਸ ਵਿਅਕਤੀ ਨੂੰ ਜਿੰਨ੍ਹੇ ਪ੍ਰਵਾਰਕ ਹਿੰਸਾ ਕੀਤੀ ਹੈ ਨੂੰ ਉਹਨਾਂ ਦੇ ਜਾਂ ਜਗ੍ਹਾਵਾਂ ਦੇ ਨੇੜੇ ਆਉਣ ਤੋਂ ਰੋਕਦਾ ਹੈ ਜਿੱਥੇ ਉਹ ਜਾਂਦੇ ਹਨ। ਇਸ ਦਾ ਅਰਥ ਇਹ ਵੀ ਹੋ ਸਕਦਾ ਹੈ ਕਿ ਜਿੰਨ੍ਹੇ ਪ੍ਰਵਾਰਕ ਹਿੰਸਾ ਕੀਤੀ ਹੈ ਨੂੰ ਕਿਸੇ ਹੋਰ ਥਾਂ ਜਾ ਕੇ ਰਹਿਣਾ ਪੈ ਸਕਦਾ ਹੈ।

ਇਹ **ਬੇਦਖਲੀ ਸ਼ਰਤ** ਉਦੋਂ ਤੱਕ ਲਾਗੂ ਰਹਿੰਦੀ ਹੈ ਜਦ ਤੱਕ ਅਦਾਲਤ ਦਾ ਫੈਸਲਾ ਜਾਂ ਨਵਾਂ **ਪ੍ਰਵਾਰਕ ਹਿੰਸਾ ਦਖਲ ਨਿਰਦੇਸ਼** ਜਵਾਬਦੇਹ ਨੂੰ ਦੇ ਨਹੀਂ ਦਿੱਤਾ ਜਾਂਦਾ।

ਫੇਸਲੇ ਵਾਲੇ ਦਿਨ, ਮਜਿਸਟ੍ਰੇਟ ਸਮਝਦਾ ਹੈ ਕਿ ਲਗਾਤਾਰ ਸੁਰੱਖਿਆ ਪ੍ਰਦਾਨ ਕਰਨ ਵਾਸਤੇ ਕਿਹੜੇ ਇੰਤਜ਼ਾਮ ਕੀਤੇ ਹਨ। ਮਜਿਸਟ੍ਰੇਟ ਫੈਸਲਾ ਕਰਦਾ ਹੈ ਕਿ ਜੇਕਰ **ਬੇਦਖਲੀ ਸ਼ਰਤ** ਨੂੰ ਲਾਗੂ ਰੱਖਣ ਦੀ ਲੋੜ ਹੈ।

ਇਕੱਲਾ **ਸੁਰੱਖਿਆ ਨੋਟਿਸ** ਜਾਂ **ਦਖਲ ਆਦੇਸ਼** ਅਪਰਾਧੀ ਰਿਕਾਰਡ ਨਹੀਂ ਬਣਾਉਂਦੇ।

## ਜੇ ਸ਼ਰਤਾਂ ਦੀ ਉਲੰਘਣਾ ਹੁੰਦੀ ਹੈ ਤਾਂ ਕੀ ਹੋਵੇਗਾ?

**ਜਵਾਬਦੇਹ** ਉਹ ਵਿਅਕਤੀ ਹੈ ਜਿਸ ਲਈ ਨੋਟਿਸ ਜਾਂ ਆਦੇਸ਼ ਦੀ ਪਾਲਣਾ ਕਰਨੀ ਜ਼ਰੂਰੀ ਹੈ। ਜੇ **ਜਵਾਬਦੇਹ** ਆਦੇਸ਼ ਦੀ ਪੂਰੀ ਤਰ੍ਹਾਂ ਪਾਲਣਾ ਕਰਦਾ ਹੈ, ਅਤੇ ਕੋਈ ਹੋਰ ਅਪਰਾਧ ਨਹੀਂ ਕਰਦਾ, ਤਾਂ ਉਹਨਾਂ ਦਾ ਅਪਰਾਧਿਕ ਰਿਕਾਰਡ ਨਹੀਂ ਬਣੇਗਾ।

**ਜਵਾਬਦੇਹ** ਕਿਸੇ ਵੀ ਤਰ੍ਹਾਂ ਦੀ ਪ੍ਰਵਾਰਕ ਹਿੰਸਾ ਬਿਲਕੁਲ ਨਹੀਂ ਕਰੇਗਾ।

ਇਸ ਦਾ ਅਰਥ:

- ਕੋਈ ਸਰੀਰਕ ਜਾਂ ਜਿਨਸੀ ਹਿੰਸਾ ਨਹੀਂ,
- ਕਿਸੇ ਨੂੰ ਜ਼ਖਮੀ ਜਾਂ ਧਮਕੀ ਨਹੀਂ
- ਕੋਈ ਜ਼ਬਾਨੀ ਜਾਂ ਲਿਖਤੀ ਬਦਸਲੂਕੀ ਨਹੀਂ
- ਬਦਸਲੂਕੀ ਜਾਂ ਧਮਕੀ ਵਾਲੀਆਂ ਤਸਵੀਰਾਂ ਨਹੀਂ ਭੇਜਣੀਆਂ
- ਪਿੱਛਾ ਨਹੀਂ ਕਰਨਾ
- ਕੋਈ ਆਰਥਿਕ ਬਦਸਲੂਕੀ ਨਹੀਂ
- ਜਾਇਦਾਦ ਨੂੰ ਨੁਕਸਾਨ ਨਹੀਂ

**ਬੇਦਖਲੀ ਸ਼ਰਤ** ਦਾ ਅਰਥ ਹੈ, **ਜਵਾਬਦੇਹ**:

- ਸੁਰੱਖਿਅਤ ਪ੍ਰਾਪਤ ਲੋਕਾਂ ਦੇ ਜਾਂ ਜਿੱਥੇ ਉਹ ਰਹਿੰਦੇ ਜਾਂ ਕੰਮ ਕਰਦੇ ਜਾਂ ਸਕੂਲ ਜਾਂ ਚਾਈਲਡ ਕੇਅਰ ਦੇ ਨੇੜੇ ਨਹੀਂ ਜਾਣਾ।
- ਸੁਰੱਖਿਅਤ ਪ੍ਰਾਪਤ ਲੋਕਾਂ ਦਾ ਕਿਸੇ ਵੀ ਤਰੀਕੇ ਨਾਲ ਦੂਜੇ ਲੋਕਾਂ ਦੁਆਰਾ ਜ਼ਖਮੀ, ਧਮਕੀ, ਸਤਾਉਣਾ, ਪਿੱਛਾ ਕਰਵਾਉਣਾ ਜਾਂ ਬਦਸਲੂਕੀ ਨਹੀਂ ਕਰਵਾਉਣੀ।

ਟੈਲੀਫੋਨ, ਲਿਖਤੀ ਸੁਨੇਹੇ, ਈਮੇਲ ਜਾਂ ਸੋਸ਼ਲ ਮੀਡੀਏ ਰਾਹੀਂ ਗੱਲਬਾਤ ਉਪਰ ਵੀ ਸ਼ਰਤ ਲਾਗੂ ਕੀਤੀ ਜਾ ਸਕਦੀ ਹੈ।

ਕਿਸੇ ਵੀ ਸ਼ਰਤ ਦੀ ਪਾਲਣਾ ਨਾ ਕਰਨ ਨੂੰ **ਸੁਰੱਖਿਆ ਨੋਟਿਸ** ਜਾਂ **ਦਖਲ ਆਦੇਸ਼** ਦੀ ਉਲੰਘਣਾ ਜਾਂ ਕਨੂੰਨੀ ਉਲੰਘਣਾ ਕਿਹਾ ਜਾਂਦਾ ਹੈ।

ਜੇ **ਜਵਾਬਦੇਹ** ਆਦੇਸ਼ ਦੀ ਕਿਸੇ ਵੀ ਸ਼ਰਤ ਦੀ ਉਲੰਘਣਾ ਕਰਦਾ ਹੈ, ਅਤੇ ਪੁਲੀਸ ਨੂੰ ਪਤਾ ਲੱਗ ਜਾਂਦਾ ਹੈ, ਪੁਲੀਸ **ਜਵਾਬਦੇਹ** ਨੂੰ ਗ੍ਰਿਫਤਾਰ ਕਰ ਸਕਦੀ ਹੈ ਅਤੇ ਨਤੀਜੇ ਵਜੋਂ ਅਪਰਾਧਿਕ ਦੋਸ਼, ਅਪਰਾਧਿਕ ਰਿਕਾਰਡ ਅਤੇ ਜੁਰਮਾਨੇ ਹੋ ਸਕਦੇ ਹਨ, ਉਦਾਹਰਣ ਵਜੋਂ ਜੁਰਮਾਨਾ ਜਾਂ ਜੇਲ੍ਹ।

**ਸੁਰੱਖਿਆ ਪ੍ਰਾਪਤ ਵਿਅਕਤੀ ਜਵਾਬਦੇਹ ਵਿਅਕਤੀ** ਨੂੰ ਆਦੇਸ਼ ਜਾਂ ਨੋਟਿਸ ਦੀ ਉਲੰਘਣਾ ਕਰਨ ਦੀ ਆਗਿਆ ਨਹੀਂ ਦੇ ਸਕਦਾ। ਪੁਲੀਸ ਨਾ ਕਿ **ਸੁਰੱਖਿਆ ਪ੍ਰਾਪਤ ਵਿਅਕਤੀ** ਦੋਸ਼ ਲਗਾਉਣ ਦਾ ਫੈਸਲਾ ਕਰਦੀ ਹੈ।

ਜੇ ਤੁਹਾਨੂੰ ਆਦੇਸ਼ ਜਾਂ ਇਸ ਦਾ ਕੋਈ ਹਿੱਸਾ ਸਮਝ ਨਹੀਂ ਆਉਂਦਾ, ਪੁਲੀਸ ਜਾਂ ਕਨੂੰਨੀ ਸੇਵਾ ਨੂੰ ਪੁਛੋ।

ਕਿਰਪਾ ਪੁਲੀਸ ਨੂੰ ਆਪਣੀਆਂ ਸੰਚਾਰ ਲੋੜਾਂ ਬਾਰੇ ਦੱਸੋ। ਜੇ ਤੁਹਾਨੂੰ ਅੰਗਰੇਜ਼ੀ ਬੋਲਣ ਜਾਂ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ ਤਾਂ ਪੁਲੀਸ ਦੋਭਾਸ਼ੀਏ ਦੀ ਸੇਵਾ ਲੈ ਸਕਦੀ ਹੈ। ਜੇ ਤੁਹਾਨੂੰ ਤੁਹਾਡੇ ਹੀ ਲਿੰਗ ਜਾਂ ਬੋਲੀ ਬੋਲਣ ਵਾਲਾ ਦੋਭਾਸ਼ੀਆ ਚਾਹੀਦਾ ਹੈ ਤਾਂ ਪੁਲੀਸ ਨੂੰ ਦੱਸੋ।

**ਸੰਕਟ ਵੇਲੇ ਤਿੰਨ ਜ਼ੀਰੋ (000) ਉਪਰ ਫੋਨ ਕਰੋ**

# ਜਾਣਕਾਰੀ ਸ਼ੀਟ

## ਪ੍ਰਿਵਾਰਕ ਹਿੰਸਾ: ਪੁਲੀਸ ਕੀ ਕਰਦੀ ਹੈ

Punjabi / ਪੰਜਾਬੀ

VICTORIA POLICE

### ਤੁਹਾਡੇ ਲਈ ਅਦਾਲਤ ਜਾਣਾ ਕਿਉਂ ਜ਼ਰੂਰੀ ਹੈ?

ਤੁਹਾਡੇ **ਪ੍ਰਿਵਾਰਕ ਹਿੰਸਾ ਸੁਰੱਖਿਆ ਨੋਟਿਸ** ਜਾਂ **ਪ੍ਰਿਵਾਰਕ ਹਿੰਸਾ ਦਖਲ ਨਿਰਦੇਸ਼** ਉਪਰ ਅਦਾਲਤ ਦੀ ਤਰੀਕ ਹੋਵੇਗੀ। ਤੁਹਾਡਾ ਉਥੇ ਹੋਣਾ ਜ਼ਰੂਰੀ ਹੈ। ਅਦਾਲਤ ਵਿੱਚ ਸਾਰਾ ਦਿਨ ਰਹਿਣ ਦੀ ਯੋਜਨਾ ਬਨਾਉਣਾ ਇਕ ਸਿਆਣਪ ਹੈ।

ਅਦਾਲਤ ਤੋਂ ਪਹਿਲਾਂ, ਸਹਾਇਤਾ ਸੇਵਾਵਾਂ ਨੂੰ ਫੋਨ ਕਰਕੇ ਆਪਣੇ ਹਾਲਾਤ ਤੇ ਲੋੜਾਂ ਨੂੰ ਚੰਗੀ ਤਰ੍ਹਾਂ ਵਿਚਾਰ ਲੈਣਾ ਵਧੀਆ ਖਿਆਲ ਹੈ। ਜੇ ਤੁਸੀਂ ਪੁਲੀਸ ਜਾਂ ਅਦਾਲਤ ਨੂੰ ਆਪਣੀਆਂ ਗੱਲਬਾਤ ਦੀਆਂ ਲੋੜਾਂ ਨੂੰ ਦੱਸਦੇ ਹੋ ਤਾਂ ਦੋਭਾਸ਼ੀਏ ਨੂੰ ਅਦਾਲਤ ਵਿੱਚ ਵਿਅਕਤੀਗਤ ਤੌਰ ਤੇ ਸਾਰੇ ਦਿਨ ਲਈ ਬੁਲਾਇਆ ਜਾ ਸਕਦਾ ਹੈ।

ਫੈਸਲੇ ਵਾਲੇ ਦਿਨ **ਸੁਰੱਖਿਆ ਪ੍ਰਾਪਤ ਵਿਅਕਤੀ** ਤੋਂ ਦੂਰ ਰਹਿਣਾ **ਜਵਾਬਦੇਹ** ਦੀ ਜ਼ਿੰਮੇਵਾਰੀ ਹੈ। ਆਮ ਤੌਰ ਤੇ **ਜਵਾਬਦੇਹ** ਅਤੇ **ਸੁਰੱਖਿਆ ਪ੍ਰਾਪਤ ਵਿਅਕਤੀ** ਦੇ ਬੈਠਣ ਲਈ ਜਗ੍ਹਾ ਬਣੀਆਂ ਹੁੰਦੀਆਂ ਹਨ। ਅਦਾਲਤ ਵਿੱਚ ਲੋਕਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਉਣ ਵਾਸਤੇ ਸੁਰੱਖਿਆ ਅਧਿਕਾਰੀ ਹੁੰਦੇ ਹਨ।

ਅਦਾਲਤ ਵਿੱਚ ਮੁਫਤ ਕਨੂੰਨੀ ਸੇਵਾਵਾਂ ਅਤੇ ਸਹਾਇਤਾ ਸੇਵਾਵਾਂ ਹੁੰਦੀਆਂ ਹਨ ਜੋ ਤੁਹਾਡੇ ਹੱਕਾਂ, ਵਿਕਲਪਾਂ ਅਤੇ ਅਦਾਲਤ ਦੀ ਕਾਰਵਾਈ ਦੀ ਵਿਆਖਿਆ ਕਰ ਸਕਦੇ ਹਨ।

ਜਦੋਂ ਤੁਸੀਂ ਪਹੁੰਚਦੇ ਹੋ, ਕਾਊਂਟਰ ਉਪਰ ਅਦਾਲਤ ਦੇ ਕਰਮਚਾਰੀ ਨੂੰ ਆਪਣੇ ਆਉਣ ਅਤੇ ਜੇ ਤੁਹਾਨੂੰ ਵਕੀਲ ਤੇ ਹੋਰ ਸੇਵਾਵਾਂ ਦੀ ਸਹਾਇਤਾ ਦੀ ਲੋੜ ਹੈ ਬਾਰੇ ਦੱਸ ਦਿਓ।

ਜਦੋਂ ਵਿਕਟੋਰੀਆ ਪੁਲੀਸ **ਪ੍ਰਿਵਾਰਕ ਹਿੰਸਾ ਦਖਲ ਨਿਰਦੇਸ਼** ਵਾਸਤੇ ਅਰਜ਼ੀ ਦੇਂਦੀ ਹੈ, ਪੁੱਛੋ ਕਿ ਅਦਾਲਤ ਕੋਲ **ਪੁਲੀਸ ਪ੍ਰਿਵਾਰਕ ਹਿੰਸਾ ਦਾ ਅਦਾਲਤ ਨਾਲ ਸੰਪਰਕ ਵਾਲਾ ਅਫਸਰ** ਹੈ, ਜੋ ਸਾਰੀਆਂ ਪਾਰਟੀਆਂ ਨਾਲ ਤਾਲਮੇਲ ਕਰਦਾ ਹੈ।

ਸੁਣਵਾਈ ਲਈ ਬੁਲਾਏ ਜਾਣ ਵਾਸਤੇ ਆਪਣੇ ਨਾਮ ਬੋਲੇ ਜਾਣ ਦਾ ਧਿਆਨ ਰੱਖੋ। ਅਦਾਲਤ ਦੀ ਸੁਣਵਾਈ ਵਾਲੇ ਕਮਰੇ ਵਿੱਚ ਆਪਣੇ ਕਨੂੰਨੀ ਨੁਮਾਇੰਦੇ ਦੇ ਪਿੱਛੇ ਬੈਠੋ। ਮਜਿਸਟ੍ਰੇਟ ਦੋਵਾਂ ਕਨੂੰਨੀ ਨੁਮਾਇੰਦਿਆਂ ਨੂੰ ਸੁਣੇਗਾ ਅਤੇ ਤੁਹਾਨੂੰ ਸਿੱਧਾ ਵੀ ਪੁੱਛ ਸਕਦਾ ਹੈ ਕਿ ਕੀ ਹੋ ਰਿਹਾ ਹੈ।

ਮਜਿਸਟ੍ਰੇਟ ਫੈਸਲਾ ਕਰੇਗਾ ਕਿ ਸੁਰੱਖਿਆ ਦੇਣ ਤੇ ਹੋਰ ਹਿੰਸਕ ਵਿਵਹਾਰ ਤੋਂ ਬਚਾਉਣ ਲਈ **ਪ੍ਰਿਵਾਰਕ ਹਿੰਸਾ ਦਖਲ ਨਿਰਦੇਸ਼** ਦੀ ਲੋੜ ਹੈ। ਮਜਿਸਟ੍ਰੇਟ ਧਿਆਨ ਵਿੱਚ ਰੱਖੇਗਾ ਕਿ ਕਿਹੜੀਆਂ ਸ਼ਰਤਾਂ, ਜਿਵੇਂ ਕਿ ਬੇਦਖਲੀ ਦੀ ਸ਼ਰਤ ਦੀ ਲੋੜ ਹੈ ਅਤੇ **ਦਖਲ ਆਦੇਸ਼** ਕਿੰਨੇ ਸਮੇਂ ਤੱਕ ਚੱਲੇਗਾ। ਮਜਿਸਟ੍ਰੇਟ ਦਾ ਫੈਸਲਾ **ਸੁਰੱਖਿਆ ਨੋਟਿਸ** ਨੂੰ ਵਟਾ ਜਾਂ ਮੌਜੂਦਾ **ਦਖਲ ਨਿਰਦੇਸ਼ਾਂ** ਨੂੰ ਬਦਲ ਦੇਵੇਗਾ।

ਤੁਹਾਡੀ ਸੁਣਵਾਈ ਤੋਂ ਬਾਅਦ, ਅਦਾਲਤ ਪਾਸੋਂ ਨਵੇਂ **ਦਖਲ ਆਦੇਸ਼** ਦੀ ਪਰਤ ਲੈਣ ਲਈ ਇੰਤਜ਼ਾਰ ਕਰੋ। ਅਦਾਲਤ ਦੇ ਕਰਮਚਾਰੀ ਪਾਸੋਂ ਨਵੇਂ **ਦਖਲ ਆਦੇਸ਼** ਦਾ ਤੁਹਾਡੇ ਤੇ ਤੁਹਾਡੇ ਪ੍ਰਿਵਾਰ ਉਪਰ ਕੀ ਅਸਰ ਹੋਵੇਗਾ ਬਾਰੇ ਕੋਈ ਵੀ ਸਵਾਲ ਪੁੱਛੋ।

**ਕੀ ਤੁਹਾਡੇ ਹੋਰ ਸਵਾਲ ਹਨ?**

ਤੁਹਾਡੇ ਆਦੇਸ਼ ਬਾਰੇ ਤੁਹਾਡਾ ਕੋਈ ਸਵਾਲ ਹੈ, ਆਪਣੇ ਸਥਾਨਕ ਪੁਲੀਸ ਥਾਣੇ ਜਾਂ ਕਨੂੰਨੀ ਸੇਵਾ ਤੋਂ ਪੁੱਛੋ।

ਪੁਲੀਸ ਤੁਹਾਨੂੰ ਸਹਾਇਤਾ ਸੇਵਾ ਕੋਲ ਭੇਜੇਗੀ, ਜੋ ਤੁਹਾਨੂੰ ਸੁਨੇਹਾ ਭੇਜਣਗੇ ਜਾਂ ਫੋਨ ਕਰਨਗੇ, ਜਾਂ ਤੁਸੀਂ ਖੁਦ ਸੇਵਾਵਾਂ ਨੂੰ ਫੋਨ ਕਰ ਸਕਦੇ ਹੋ।

**ਸੰਕਟ ਵੇਲੇ ਤਿੰਨ ਜ਼ੀਰੋ (000) ਉਪਰ ਫੋਨ ਕਰੋ**

## ਜ਼ਿਆਦਾ ਜਾਣਕਾਰੀ, ਸੇਵਾ ਤੇ ਸਹਾਇਤਾ ਵਾਸਤੇ

**ਮਜਿਸਟ੍ਰੇਟ ਦੀ ਅਦਾਲਤ (Magistrates' Courts)** ਰਾਜ ਦੀ ਅਦਾਲਤ ਜੋ ਪ੍ਰਿਵਾਰਕ ਹਿੰਸਾ ਦੇ ਮਾਮਲਿਆਂ ਨਾਲ ਸਿਝਦੀ ਹੈ www.magistratescourt.vic.gov.au

**ਵਿਕਟੋਰੀਆ ਲੀਗਲ ਏਡ (Victoria Legal Aid) 1300 792 387** (ਸੋਮਵਾਰ-ਸ਼ੁਕਰਵਾਰ 8.45 ਸਵੇਰ-5.15ਸ਼ਾਮ) ਕਈ ਭਾਸ਼ਾਵਾਂ ਵਿਚ ਮੁਫਤ ਕਨੂੰਨੀ ਸਲਾਹ www.legalaid.vic.gov.au

**ਜ਼ੁਰਮ ਦੇ ਸ਼ਿਕਾਰ ਲੋਕਾਂ ਲਈ ਸਹਾਇਤਾ ਲਾਈਨ (Women's Legal Service Victoria) 8622 0600** (ਸ਼ਹਿਰੀ) **1800 133 302** (ਦਿਹਾਤੀ) ਮੰਗਲਵਾਰ ਤੇ ਵੀਰਵਾਰ 5:30 – 7:30 ਸ਼ਾਮ www.womenslegal.org.au

**ਜ਼ੁਰਮ ਦੇ ਸ਼ਿਕਾਰ ਲੋਕਾਂ ਲਈ ਸਹਾਇਤਾ ਲਾਈਨ (Victims of Crime Helpline)** 8 ਵਜੇ ਸਵੇਰ-11 ਵਜੇ ਸ਼ਾਮ (7 ਦਿਨ) **1800 819 817** www.victimsofcrime.vic.gov.au

**1800 Respect** (24 ਘੰਟੇ) ਪ੍ਰਿਵਾਰਕ ਹਿੰਸਾ ਦੇ ਸ਼ਿਕਾਰ ਲੋਕਾਂ ਲਈ ਫੋਨ ਉਪਰ ਸਲਾਹ **1800 737 732** www.1800respect.org.au

**ਜਿਨਸੀ ਹਿੰਸਾ ਸੰਕਟ ਲਾਈਨ (Sexual Assault Crisis Line (SACL)) 1800 806 292** (24 ਘੰਟੇ) ਜਿਨਸੀ ਹਿੰਸਾ ਦੇ ਸ਼ਿਕਾਰ ਲੋਕਾਂ ਲਈ ਸਹਾਰਾ ਸੇਵਾ www.sacl.com.au

**ਰਿਹਾਇਸ਼ (Housing)** (24 ਘੰਟੇ) ਸੰਕਟ ਵੇਲੇ ਘਰ ਵਾਸਤੇ ਰਾਜ ਪੱਧਰ ਦੀ ਸੇਵਾ **1800 825 955** www.housing.vic.gov.au/crisis-and-emergency-contacts

**ਸਾਲਵੇਸ਼ਨ ਆਰਮੀ ਸੰਕਟ ਸੇਵਾ (Salvation Army Crisis Service)** (24 ਘੰਟੇ) ਸੰਕਟ ਵੇਲੇ ਘਰ ਵਾਸਤੇ ਸ਼ਹਿਰੀ ਸੇਵਾ **1800 627 727** www.salvationarmy.org.au/en/Find-Us/Victoria/CrisisServices

**Safe Steps** ਪ੍ਰਿਵਾਰਕ ਹਿੰਸਾ ਹੁੰਗਾਰਾ ਕੇਂਦਰ (24 ਘੰਟੇ) **1800 015 188** ਔਰਤਾਂ ਦੀ ਸਹਾਰਾ ਤੇ ਅਗਵਾਈ ਸੇਵਾ www.safesteps.org.au

**ਮਰਦਾਂ ਦੀ ਅਗਵਾਈ ਸੇਵਾ (Men's Referral Service)** (9 ਸਵੇਰ – 9 ਸ਼ਾਮ ਸੋਮਵਾਰ – ਸ਼ੁਕਰਵਾਰ) ਮਰਦਾਂ ਲਇ ਸਹਾਰਾ ਤੇ ਅਗਵਾਈ ਸੇਵਾ **1300 766 491** www.ntvmrs.org.au

**ਮੈਨਜ਼ਲਾਈਨ ਆਸਟ੍ਰੇਲੀਆ (MensLine Australia)** (24ਘੰਟੇ) **1300 789 978** ਮਰਦਾਂ ਲਈ ਟੈਲੀਫਨ www.mensline.org.au

VICTORIA POLICE

## ਤਕਨੀਕੀ ਸ਼ਬਦ ਅਤੇ ਪਰਿਭਾਸ਼ਾਵਾਂ

**ਸਿਵਲ ਕਾਰਵਾਈ (ਪ੍ਰਵਾਰਕ ਹਿੰਸਾ ਲਈ)**

ਹੱਕਾਂ ਦੀ ਰਾਖੀ ਲਈ ਕਨੂੰਨੀ ਕਾਰਵਾਈ, ਇਕ ਬਿਨ-ਅਪਰਾਧ ਉਪਾਅ (ਜਿਵੇਂ ਕਿ **ਦਖਲ ਆਦੇਸ਼** ਲਈ ਅਰਜ਼ੀ)।

**ਪ੍ਰਵਾਰਕ ਹਿੰਸਾ**

ਪ੍ਰਵਾਰ ਦੇ ਇਕ ਜੀਅ ਦਾ ਵਤੀਰਾ ਜੋ ਨਿਕਟੀ ਸਾਥੀ ਜਾਂ ਛੱਡ ਚੁੱਕੇ ਸਾਥੀ, ਬੱਚਿਆਂ, ਜਾਂ ਪ੍ਰਵਾਰ ਦੇ ਹੋਰ ਜੀਆਂ ਨੂੰ ਨੁਕਸਾਨ, ਡਰ ਜਾਂ ਕੰਟਰੋਲ ਕਰਦਾ ਹੈ।

ਇਸ ਵਿੱਚ ਜਿਸਮਾਨੀ ਹਮਲਾ, ਲਿੰਗੀ ਹਿੰਸਾ, ਅਤੇ ਜ਼ਜ਼ਬਾਤੀ, ਮਾਨਸਿਕ ਜਾਂ ਆਰਥਿਕ ਬਦਸਲੂਕੀ ਸ਼ਾਮਲ ਹਨ।

**ਜਵਾਬਦੇਹ ਜਾਂ ਦੂਸਰੀ ਧਿਰ**

ਪ੍ਰਵਾਰਕ ਹਿੰਸਾ ਨੂੰ ਰੋਕਣ ਵਾਸਤੇ, ਇਕ ਵਿਅਕਤੀ ਜੋ ਕਨੂੰਨੀ ਨੋਟਿਸ, ਜਾਂ ਆਦੇਸ਼ ਉਪਰ ਹੈ।

**ਸੁਰੱਖਿਅਤ ਵਿਅਕਤੀ / ਸ਼ਿਕਾਰ / ਪ੍ਰਵਾਰ ਦਾ ਪ੍ਰਭਾਵਤ ਜੀਅ (ਏ ਐਫ ਐਮ)**

ਇਕ ਵਿਅਕਤੀ, ਜਿਸ ਨੂੰ **ਦਖਲ ਆਦੇਸ਼** ਜਾਂ **ਸੁਰੱਖਿਆ ਨੋਟਿਸ** ਰਾਹੀਂ ਪ੍ਰਵਾਰਕ ਹਿੰਸਾ ਤੋਂ ਬਚਾਇਆ ਜਾਂਦਾ ਹੈ।

ਬੱਚੇ ਸੁਰੱਖਿਅਤ ਲੋਕ ਹੋ ਸਕਦੇ ਹਨ।

ਬੱਚੇ ਜੋ 18 ਸਾਲ ਤੋਂ ਘੱਟ ਉਮਰ ਦੇ ਹੋਣ ਨੂੰ ਸੁਰੱਖਿਅਤ ਮਾਪਿਆਂ ਦੇ ਸੁਰੱਖਿਆ ਨੋਟਿਸ ਜਾਂ ਦਖਲ ਆਦੇਸ਼ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

**ਪ੍ਰਵਾਰਕ ਹਿੰਸਾ ਸੁਰੱਖਿਆ ਨੋਟਿਸ (ਐਫ ਵੀ ਐਸ ਐਨ)**

ਅਦਾਲਤ ਦੀ ਸੁਣਵਾਈ ਤੱਕ ਪ੍ਰਵਾਰਕ ਹਿੰਸਾ ਨੂੰ ਰੋਕਣ ਵਾਸਤੇ ਪੁਲੀਸ ਵੱਲੋਂ ਜਾਰੀ ਕੀਤਾ ਕਨੂੰਨੀ ਨੋਟਿਸ।

**ਪ੍ਰਵਾਰਕ ਹਿੰਸਾ ਦਖਲ ਆਦੇਸ਼ (ਐਫ ਵੀ ਆਈ ਓ)**

ਅਦਾਲਤ ਵੱਲੋਂ ਪ੍ਰਵਾਰਕ ਹਿੰਸਾ ਨੂੰ ਰੋਕਣ ਲਈ ਜਾਰੀ ਕੀਤਾ ਇਕ ਆਦੇਸ਼ ਜਾਂ ਲਿਖਤੀ ਨਿਰਦੇਸ਼।

**ਬੇਦਖਲੀ ਦੀਆਂ ਸ਼ਰਤਾਂ**

ਸੁਰੱਖਿਆ ਨੋਟਿਸ ਜਾਂ ਦਖਲ ਆਦੇਸ਼ ਉਪਰ ਲਾਈ ਗਈ ਸ਼ਰਤ ਜੋ **ਜਵਾਬਦੇਹ** ਨੂੰ **ਸੁਰੱਖਿਅਤ ਵਿਅਕਤੀ** ਦੇ ਨੇੜੇ, ਜਾਂ ਦਖਲ ਆਦੇਸ਼ ਦੀ ਸੂਚੀ ਉਪਰਲੀਆਂ ਜਗ੍ਹਾਵਾਂ (ਜਿਵੇਂ ਕਿ ਸੁਰੱਖਿਅਤ ਵਿਅਕਤੀ ਦਾ ਘਰ, ਕੰਮ, ਸਕੂਲ ਜਾਂ ਚਾਈਲਡ ਕੇਅਰ) ਦੇ ਲਾਗੇ ਆਉਣ ਤੋਂ ਪਾਬੰਦੀ ਲਗਾਉਂਦੀ ਹੈ।

**ਪਹੁੰਚਾ ਦਿੱਤਾ ਗਿਆ**

ਜਦੋਂ ਦਖਲ ਆਦੇਸ਼ ਜਾਂ ਸੁਰੱਖਿਆ ਨੋਟਿਸ ਕਨੂੰਨੀ ਤੌਰ ਤੇ **ਜਵਾਬਦੇਹ** ਦੇ ਹਵਾਲੇ ਕੀਤਾ ਜਾਂਦਾ ਹੈ, ਇਸ ਨੂੰ 'ਵੰਡਿਆ' ਕਹਿੰਦੇ ਹਨ ਅਤੇ ਮੰਨਣਾ ਜ਼ਰੂਰੀ ਹੁੰਦਾ ਹੈ।

**ਵੱਡੀ ਉਲੰਘਣਾ ਜਾਂ ਉਲੰਘਣਾ**

ਜੇਕਰ **ਜਵਾਬਦੇਹ** ਪ੍ਰਵਾਰਕ ਹਿੰਸਾ ਸੁਰੱਖਿਆ ਨੋਟਿਸ ਜਾਂ **ਦਖਲ ਆਦੇਸ਼** ਦੀ ਸ਼ਰਤ ਦੀ ਉਲੰਘਣਾ ਕਰਦਾ ਹੈ, ਇਸ ਨੂੰ 'ਸਖਤ ਉਲੰਘਣ' ਜਾਂ 'ਉਲੰਘਣਾ' ਕਹਿੰਦੇ ਹਨ।

ਸਖਤ ਉਲੰਘਣ ਬਾਰੇ ਜਿੰਨ੍ਹੀ ਛੇਤੀ ਹੋ ਸਕੇ ਪੁਲੀਸ ਨੂੰ ਦੱਸਣਾ ਚਾਹੀਦਾ ਹੈ ਅਤੇ ਨਤੀਜੇ ਵਜੋਂ ਅਪਰਾਧਿਕ ਦੋਸ਼ ਲੱਗ ਸਕਦੇ ਹਨ।

**ਗ੍ਰਿਫਤਾਰੀ**

ਇਕ ਵਿਅਕਤੀ ਦੀ ਹਿਰਾਸਤ, ਜਦੋਂ ਪੁਲੀਸ ਨੂੰ ਪੱਕਾ ਯਕੀਨ ਹੁੰਦਾ ਹੈ ਕਿ ਕਨੂੰਨ ਤੋੜਿਆ ਗਿਆ ਹੈ।

**ਅਪਰਾਧਿਕ ਦੋਸ਼**

ਜਦੋਂ ਪੁਲੀਸ ਕੋਲ ਤਫਤੀਸ਼ ਦੌਰਾਨ ਕਾਫੀ ਸਬੂਤ, ਜਾਂ ਜਾਣਕਾਰੀ ਹੁੰਦੀ ਹੈ ਕਿ ਵਿਅਕਤੀ ਨੇ ਕਨੂੰਨ ਤੋੜਿਆ ਹੈ, ਦੋਸ਼ ਮੜ੍ਹਿਆ ਜਾਂਦਾ ਹੈ ਤਾਂ ਕਿ ਵਿਅਕਤੀ ਨੂੰ ਅਦਾਲਤ ਵਿੱਚ ਬੁਲਾਇਆ ਜਾ ਸਕੇ।

## ਪੁਲੀਸ ਦੀ ਭੂਮਿਕਾ

**ਪ੍ਰਵਾਰਕ ਹਿੰਸਾ ਤਾਲਮੇਲ ਅਫਸਰ (ਐਫ ਵੀ ਐਲ ਓ)**

ਇਕ ਪੁਲੀਸ ਅਫਸਰ ਜੋ ਪੁਲੀਸ ਖੇਤਰ ਦੇ ਪ੍ਰਵਾਰਕ ਹਿੰਸਾ ਦੇ ਮਾਮਲਿਆਂ ਨੂੰ ਵੇਖਦਾ ਹੈ, 24 ਘੰਟਿਆਂ ਵਾਲੇ ਥਾਣੇ ਵਿੱਚ ਹੁੰਦਾ ਹੈ

**ਅਦਾਲਤ ਦਾ ਪ੍ਰਵਾਰਕ ਹਿੰਸਾ ਤਾਲਮੇਲ ਅਫਸਰ (ਐਫ ਵੀ ਸੀ ਐਲ ਓ)**

ਮਜਿਸਟ੍ਰੇਟ ਦੀ ਅਦਾਲਤ ਵਿੱਚ ਇਕ ਪੁਲੀਸ ਅਫਸਰ ਜੋ ਪੁਲੀਸ ਦੁਆਰਾ **ਪ੍ਰਵਾਰਕ ਹਿੰਸਾ ਦੇ ਦਖਲ ਆਦੇਸ਼** ਦੀਆਂ ਅਰਜ਼ੀਆਂ ਨਾਲ ਜੁੜੀਆਂ ਸਾਰੀਆਂ ਧਿਰਾਂ ਨਾਲ ਤਾਲਮੇਲ ਕਰਦਾ ਹੈ।

**ਸੂਚਨਾ ਦੇਣ ਵਾਲਾ**

ਇਕ ਪੁਲੀਸ ਅਫਸਰ ਜੋ ਦੋਸ਼ ਮੜ੍ਹਦਾ ਹੈ

**ਤਫਤੀਸ਼ ਕਰਨ ਵਾਲਾ**

ਇਕ ਪੁਲੀਸ ਅਫਸਰ ਜੋ ਪ੍ਰਵਾਰਕ ਹਿੰਸਾ ਦੀ ਪੜਤਾਲ ਕਰਦਾ ਹੈ।

**ਮੁੱਖ ਅਫਸਰ (ਓ ਆਈ ਸੀ)**

ਥਾਣੇ ਦਾ ਮੁੱਖ ਅਫਸਰ, ਜਾਂ ਸੁਪਰਵਾਈਜ਼ਰ।

ਇਥੇ ਪੁਲੀਸ ਤਾਲਮੇਲ ਅਫਸਰ ਹੁੰਦੇ ਹਨ ਜੋ ਭਾਈਚਾਰੇ ਦੇ ਅੰਦਰ ਵਿਭਿੰਨਤਾ ਨੂੰ ਸਹਾਰਾ ਦੇਣ ਲਈ ਸਮਰਪਿਤ ਹੁੰਦੇ ਹਨ, ਆਪਣੇ ਸਥਾਨਕ ਥਾਣੇ ਤੋਂ ਪਤਾ ਕਰੋ ਜਾਂ www.police.vic.gov.au ਵੇਖੋ


Victoria Police ਦੁਆਰਾ ਪ੍ਰਕਾਸ਼ਿਤ 30/05/2017
Punjabi / ਪੰਜਾਬੀ